This question paper contains 2 printed pages]

**Roll No.** | | | | | | | | | | | |

S. No. of Question Paper : **5193**

Unique Paper Code : **212155** **E**

Name of the Paper : **Punjabi Language 'B' (Intermediate)**

Name of the Course : **B.A. (Prog.)**

Semester : **I**

Duration : **3 Hours** Maximum Marks : 75

*(Write your Roll No. on the top immediately on receipt of this question paper.)*

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

ਭਾਗ ਪਹਿਲਾ

1. ਨਾਵਲ ਕਿਸ ਨੂੰ ਕਹਿੰਦੇ ਹਨ? 'ਪਾਣੀ ਤੇ ਪੁੱਲ' ਨਾਵਲ ਦੀ ਕਥਾ ਨੂੰ ਸੰਖੇਪ ਵਿਚ ਲਿਖੋ। 15

   ਜਾਂ

   'ਪਾਣੀ ਤੇ ਪੁੱਲ' ਨਾਵਲ ਦੇ ਆਧਾਰ 'ਤੇ ਸੁਖਬੀਰ ਦੀ ਨਾਵਲ-ਕਲਾ ਬਾਰੇ ਨੋਟ ਲਿਖੋ।

2. ਨਾਵਲ 'ਪਾਣੀ ਤੇ ਪੁੱਲ' ਵਿਚੋਂ ਤੁਹਾਨੂੰ ਕਿਹੜੇ ਦੋ ਪਾਤਰਾਂ ਨੇ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ? ਦਲੀਲਾਂ ਸਹਿਤ ਲਿਖੋ। 10

3. ਨਾਟਕ ਦੀਆਂ ਕੀ ਵਿਸ਼ੇਸ਼ਤਾਵਾਂ ਹੁੰਦੀਆਂ ਹਨ? ਚਰਚਾ ਕਰੋ। 15

   ਜਾਂ

   ਰੰਗ-ਮੰਚ ਅਤੇ ਨਾਟਕ ਦੇ ਸੰਬੰਧਾਂ ਨੂੰ ਧਿਆਨ ਵਿਚ ਰੱਖਦਿਆਂ 'ਭਗਤ ਸਿੰਘ ਸ਼ਹੀਦ' ਨਾਟਕ ਦੀ ਪਰਖ ਕਰੋ।

4. 'ਭਗਤ ਸਿੰਘ ਸ਼ਹੀਦ' ਨਾਟਕ ਦੇ ਕੇਂਦਰੀ ਵਿਸ਼ੇ ਨੂੰ ਆਪਣੇ ਸ਼ਬਦਾਂ ਵਿਚ ਲਿਖੋ। 10

   ਜਾਂ

   'ਭਗਤ ਸਿੰਘ ਸ਼ਹੀਦ' ਨਾਟਕ ਦੀ ਸੰਵਾਦ-ਕਲਾ 'ਤੇ ਇਕ ਨੋਟ ਲਿਖੋ।

5. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉੱਤੇ ਪੈਰ੍ਹਾ ਲਿਖੋ : 5

   1) ਮਾਂ ਬੋਲੀ ਦੀ ਮਹੱਤਤਾ

   2) ਅਨੁਸ਼ਾਸਨਹੀਣਤਾ

   3) ਹੰਕਾਰਿਆ ਸੋ ਮਾਰਿਆ

P.T.O.

6. ਤੁਹਾਡੇ ਇਲਾਕੇ ਵਿਚ ਚੋਰੀ ਦੀਆਂ ਵਾਰਦਾਤਾਂ ਲਗਾਤਾਰ ਵੱਧ ਰਹੀਆਂ ਹਨ। ਆਪਣੇ ਇਲਾਕੇ ਦੇ ਥਾਣਾ ਇੰਚਾਰਜ ਨੂੰ ਚਿੱਠੀ ਲਿਖਕੇ ਸ਼ਿਕਾਇਤ ਕਰੋ। 5

ਜਾਂ

ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਲਿਖ ਕੇ, ਅਖ਼ਬਾਰ 'ਚ ਕੋਈ ਗ਼ਲਤ ਖ਼ਿਆਲੀ ਬਾਰੇ ਲਿਖੋ।

7. ਹੇਠ ਲਿਖੇ ਮੁਹਾਵਰਿਆਂ ਵਿਚੋਂ ਪੰਜ ਨੂੰ ਆਪਣੇ ਵਾਕਾਂ ਵਿਚ ਵਰਤਦਿਆਂ, ਉਨ੍ਹਾਂ ਦੇ ਅਰਥ ਸਪੱਸ਼ਟ ਕਰੋ। 5

ੳ) ਈਦ ਦਾ ਚੰਨ ਹੋਣਾ
ਅ) ਕੰਨ ਖਿੱਚਣੇ
ੲ) ਘੋੜੇ ਵੇਚ ਕੇ ਸੌਣਾ
ਸ) ਜਾਨ 'ਤੇ ਖੇਡਣਾ
ਹ) ਦਿਨ ਰਾਤ ਇਕ ਕਰਨਾ
ਗ) ਅੱਖਾਂ 'ਤੇ ਬਿਠਾਉਣਾ
ਖ) ਬਾਜ਼ੀ ਮਾਰਨਾ

8. ਹੇਠ ਲਿਖੇ ਸੰਕੇਤਾਂ ਦੇ ਆਧਾਰ 'ਤੇ ਕਹਾਣੀ ਦੀ ਰਚਨਾ ਕਰੋ : 10

ਆਜੜੀ ਮੁੰਡਾ..... ਭੇਡਾਂ ਬਕਰੀਆਂ ਚਰਾਉਂਦਾ.....ਝੂਠ ਬੋਲ ਕੇ ਲੋਕਾਂ ਨੂੰ ਪਰੇਸ਼ਾਨ ਕਰਦਾ। .....ਸ਼ੇਰ ਓਏ...ਸ਼ੇਰ ਓਏ। ਮੈਨੂੰ ਬਚਾ ਲਉ। ਲੋਕ ਸਹਾਇਤਾ ਲਈ ਦੌੜੇ। ....ਕਿਹੜਾ ਸ਼ੇਰ.... ਖਿੜ ਖਿੜਾ ਕੇ ਹੱਸਿਆ.... ਲੋਕ ਦੁਖੀ ਹੋਏ। ਇਕ ਦਿਨ ਅਚਾਨਕ ਸੱਚੀ ਦਾ ਸ਼ੇਰ..... ਫਿਰ ਸ਼ੇਰ ਓਏ...ਸ਼ੇਰ ਓਏ। ਲੋਕਾਂ ਮਖੌਲ ਸਮਝਿਆ...ਸ਼ੇਰ ਨੇ ਆਜੜੀ ਮੁੰਡੇ ਨੂੰ ਮਾਰ ਦਿੱਤਾ।